ਇਹ ਜਾਣਕਾਰੀ ਇਹ ਦੱਸਦੀ ਹੈ ਕਿ ਅਪੀਲ ਦੇ ਆਪਣੇ ਪੱਖ ਦੀ ਮਦਦ ਲਈ ਫਾਇਦੇਮੰਦ ਸਬੂਤ ਕਿਵੇਂ ਇਕੱਠੇ ਕਰਨੇ ਹਨ। ਜ਼ਿਆਦਾ ਜਾਣਕਾਰੀ ਸਾਡੇ ਵੈੱਬਸਾਈਟ ਉੱਪਰ ਦੇਖੋ: wcat.bc.ca ਜਾਂ ਮਦਦ ਮੰਗਣ ਲਈ ਬੇਝਿਜਕ ਸਾਡੀ ਟੀਮ ਨੂੰ ਫੋਨ ਕਰੋ: 604-664-7800 ਜਾਂ 1-800-663-2782

## ਸਬੂਤ (ਐਵੀਡੈਂਸ) ਕੀ ਹੈ?

ਫੈਸਲਾ ਕਰਨ ਤੋਂ ਪਹਿਲਾਂ, ਤੁਹਾਡੀ ਅਪੀਲ 'ਤੇ ਵਿਚਾਰ ਕਰ ਰਿਹਾ ਵਾਈਸ ਚੇਅਰ ਜਾਣਕਾਰੀ, ਬਿਆਨਾਂ ਅਤੇ ਡਾਕੂਮੈਂਟਸ (ਪੇਪਰਾਂ) ਨੂੰ ਦੇਖੇਗਾ। ਕੁਝ ਉਦਾਹਰਣਾਂ ਇਹ ਹਨ:

ਜ਼ਬਾਨੀ ਗਵਾਹੀ। ਕੋਈ ਗਵਾਹ ਇਕ ਮੀਟਿੰਗ ਵਿਚ ਸਬੂਤ ਦੇ ਸਕਦਾ ਹੈ ਜਿਸ ਨੂੰ ਓਰਲ ਹੀਅਰਿੰਗ (ਜ਼ਬਾਨੀ ਸੁਣਵਾਈ) ਕਿਹਾ ਜਾਂਦਾ ਹੈ। ਉਹ ਇਹ ਦੱਸਦੇ ਹਨ ਕਿ ਕੀ ਹੋਇਆ ਸੀ ਅਤੇ ਸਵਾਲਾਂ ਦੇ ਜਵਾਬ ਦਿੰਦੇ ਹਨ। ਤੁਸੀਂ ਕਿਉਂਕਿ ਆਪਣੇ ਕੇਸ ਲਈ ਸ਼ਾਇਦ ਮੁੱਖ ਗਵਾਹ ਹੋਵੋਗੇ, ਤੁਹਾਨੂੰ ਇਹ ਪਲੈਨ ਕਰਨਾ ਚਾਹੀਦਾ ਹੈ ਕਿ ਤੁਸੀਂ ਇਹ ਕਿਵੇਂ ਦੱਸੋਗੇ ਕਿ ਕੀ ਹੋਇਆ ਸੀ। ਉਨ੍ਹਾਂ ਸਾਰੇ ਪੋਆਇੰਟਾਂ ਦੀ ਇਕ ਲਿਸਟ ਬਣਾਉ ਜਿਹੜੇ ਤੁਸੀਂ ਕਵਰ ਕਰਨਾ ਚਾਹੁੰਦੇ ਹੋ।

ਲਿਖਤੀ ਬਿਆਨ। ਗਵਾਹ ਆਪਣੀ ਗਵਾਹੀ ਲਿਖ ਕੇ ਵੀ ਦੇ ਸਕਦੇ ਹਨ। ਉਹ ਦਸਖਤਾਂ ਵਾਲੀ ਚਿੱਠੀ ਲਿਖ ਸਕਦੇ ਹਨ ਜਾਂ ਐਫੀਡੇਵਿਟ ਦੇ ਸਕਦੇ ਹਨ, ਜੋ ਕਿ ਇਕ ਲਿਖਤੀ ਬਿਆਨ ਹੈ ਜਿਹੜਾ ਸਹੁੰ ਖਾ ਕੇ ਜਾਂ ਤਸਦੀਕ ਕਰਕੇ ਦਿੰਦੇ ਹਨ।

ਮਾਹਰ ਦੀ ਗਵਾਹੀ। ਕੋਈ ਮਾਹਰ, ਜਿਵੇਂ ਕਿ ਕੋਈ ਡਾਕਟਰ ਜਾਂ ਆਕੂਪੇਸ਼ਨਲ ਥੈਰੇਪਿਸਟ, ਗਵਾਹੀ ਦੇ ਸਕਦਾ ਹੈ। ਆਮ ਤੌਰ 'ਤੇ ਇਹ ਇਕ ਲਿਖਤੀ ਰਿਪੋਰਟ ਹੁੰਦੀ ਹੈ।

ਹੋਰ ਡਾਕੂਮੈਂਟਸ। ਕੋਈ ਵੀ ਹੋਰ ਡਾਕੂਮੈਂਟਸ (ਪੇਪਰਾਂ) ਜਾਂ ਫਾਇਲਾਂ ਦੀ ਵਰਤੋਂ ਅਪੀਲ ਵਿਚ ਆਪਣੀ ਸਥਿਤੀ ਦੇ ਹੱਕ ਵਿਚ ਗਵਾਹੀ ਦੇਣ ਲਈ ਕੀਤੀ ਜਾ ਸਕਦੀ ਹੈ। ਉਦਾਹਰਣ ਲਈ, ਤੁਸੀਂ ਫੋਟੋਆਂ, ਕੰਮ ਦੀ ਥਾਂ 'ਤੇ ਪੜਤਾਲ ਦੀਆਂ ਰਿਪੋਰਟਾਂ, ਫਸਟ ਏਡ ਦੀਆਂ ਰਿਪੋਰਟਾਂ ਜਾਂ ਵਿੱਤੀ ਰਿਕਾਰਡਾਂ ਦੀ ਵਰਤੋਂ ਕਰ ਸਕਦੇ ਹੋ। ਤੁਸੀਂ ਈਮੇਲਾਂ ਜਾਂ ਟੈਕਸਟ ਮੈਸੇਜਾਂ ਦੀ ਵਰਤੋਂ ਵੀ ਕਰ ਸਕਦੇ ਹੋ ਜੇ ਤੁਸੀਂ ਪੂਰਾ ਟੈਕਸਟ ਮੈਸੇਜ ਜਾਂ ਈਮੇਲ ਗੱਲਬਾਤ ਸ਼ਾਮਲ ਕਰਦੇ ਹੋ।

> ਤੁਹਾਨੂੰ ਉਹ ਜਾਣਕਾਰੀ ਦੇਣ ਦੀ ਲੋੜ ਨਹੀਂ ਹੈ ਜਿਹੜੀ ਪਹਿਲਾਂ ਹੀ ਵਰਕਸੇਫ ਬੀ ਸੀ ਦੀ ਫਾਇਲ 'ਤੇ ਹੈ। ਵਾਈਸ ਚੇਅਰ ਕੋਲ ਪਹਿਲਾਂ ਹੀ ਉਹ ਸਬੂਤ ਹੈ। ਵਰਕਸੇਫ ਬੀ ਸੀ ਦੀ ਫਾਇਲ ਵਿਚ ਕੋਈ ਵੀ ਉਹ ਚੀਜ਼ ਹੁੰਦੀ ਹੈ ਜਿਹੜੀ ਰਿਵੀਊ ਡਿਵੀਜ਼ਨ ਨੂੰ ਦਿੱਤੀ ਗਈ ਸੀ।

## ਕੀ ਤੁਹਾਨੂੰ ਹੋਰ ਸਬੂਤਾਂ ਦੀ ਲੋੜ ਹੈ?

ਤੁਹਾਨੂੰ ਸਿਰਫ ਤਾਂ ਹੀ ਨਵਾਂ ਸਬੂਤ ਦੇਣ ਦੀ ਲੋੜ ਹੈ ਜੇ ਤੁਸੀਂ ਸੋਚਦੇ ਹੋ ਕਿ ਵਰਕਸੇਫ ਬੀ ਸੀ ਦੀ ਫਾਇਲ ਉਪਰਲੀ ਜਾਣਕਾਰੀ ਪੂਰੀ ਨਹੀਂ ਹੈ ਜਾਂ ਇਹ ਜਾਣਕਾਰੀ ਅਪੀਲ ਵਿਚ ਤੁਹਾਡੀ ਹਾਲਤ ਦੀ ਪੂਰੀ ਤਰ੍ਹਾਂ ਮਦਦ ਨਹੀਂ ਕਰਦੀ। ਇਹ ਵਿਚਾਰ ਕਰੋ...

- ✓ ਕਿਹੜਾ ਸਬੂਤ ਇਹ ਦੱਸਣ ਵਿਚ ਮਦਦ ਕਰੇਗਾ ਕਿ ਕੀ ਹੋਇਆ ਸੀ?
- ✓ ਤੁਹਾਨੂੰ ਕਿਹੜੇ ਤੱਥ ਸਾਬਤ ਕਰਨ ਦੀ ਲੋੜ ਹੈ? ਕਿਹੜਾ ਸਬੂਤ ਉਹ ਪੱਖ ਸਾਬਤ ਕਰੇਗਾ?

ਜੇ ਤੁਹਾਡੇ ਕੋਲ ਸਾਂਝੀ ਕਰਨ ਲਈ ਨਵੀਂ ਜਾਣਕਾਰੀ ਨਹੀਂ ਹੈ ਤਾਂ ਇਹ ਦੱਸਣ ਲਈ ਡਬਲਯੂ ਸੀ ਏ ਟੀ ਨਾਲ ਸੰਪਰਕ ਕਰੋ ਕਿ ਤੁਸੀਂ ਕੋਈ ਹੋਰ ਚੀਜ਼ ਨਹੀਂ ਭੇਜੋਗੇ।

## ਗਵਾਹਾਂ ਤੋਂ ਸਬੂਤ

ਇਸ ਚੀਜ਼ ਬਾਰੇ ਸੋਚੋ ਕਿ ਕੀ ਤੁਹਾਨੂੰ ਗਵਾਹਾਂ ਤੋਂ ਸਬੂਤ ਦੀ ਲੋੜ ਪਵੇਗੀ। ਉਦਾਹਰਣ ਲਈ, ਜੇ ਵਰਕਸੇਫ ਬੀ ਸੀ, ਜੋ ਹੋਇਆ ਸੀ ਉਸ ਬਾਰੇ ਤੁਹਾਡੇ ਬਿਆਨ ਨੂੰ ਪ੍ਰਵਾਨ ਨਹੀਂ ਕਰਦੀ ਤਾਂ ਗਵਾਹ ਇਹ ਤੱਥ ਦੱਸਣ ਦੇ ਯੋਗ ਹੋ ਸਕਦੇ ਹਨ ਕਿ ਕੀ ਹੋਇਆ ਸੀ।

ਉਨ੍ਹਾਂ ਲੋਕਾਂ ਬਾਰੇ ਸੋਚੋ ਜਿਨ੍ਹਾਂ ਕੋਲ ਉਨ੍ਹਾਂ ਤੱਥਾਂ ਬਾਰੇ ਨਿੱਜੀ ਗਿਆਨ ਹੈ ਜਿਹੜੇ ਤੁਸੀਂ ਸਾਬਤ ਕਰਨਾ ਚਾਹੁੰਦੇ ਹੋ: ਉਦਾਹਰਣ ਲਈ:

- ✓ ਉੱਥੇ ਕੌਣ ਸੀ ਅਤੇ ਉਸ ਨੇ ਇਹ ਦੇਖਿਆ?
- ✓ ਕੀ ਕੋਈ ਲੋਕ ਹਨ ਜਿਹੜੇ ਇਹ ਤਸਦੀਕ ਕਰ ਸਕਦੇ ਹਨ ਕਿ ਕੀ ਹੋਇਆ ਸੀ?

ਇਹ ਸਬੂਤ ਜ਼ਿਆਦਾ ਭਰੋਸੇਯੋਗ ਹੈ ਅਤੇ ਇਹ ਤੁਹਾਡੇ ਕੇਸ ਦੀ ਉਨ੍ਹਾਂ ਲੋਕਾਂ ਦੀ ਗਵਾਹੀ ਨਾਲੋਂ ਜ਼ਿਆਦਾ ਮਦਦ ਕਰੇਗਾ ਜਿਹੜੇ ਸਿਰਫ ਇਹ ਦੱਸ ਸਕਦੇ ਹਨ ਕਿ ਉਨ੍ਹਾਂ ਨੇ ਕਿਸੇ ਹੋਰ ਤੋਂ ਕੀ ਸੁਣਿਆ ਸੀ।

ਤੁਹਾਡਾ ਕੋਈ ਅਜਿਹਾ ਗਵਾਹ ਵੀ ਹੋ ਸਕਦਾ ਹੈ ਜਿਸ ਨੇ ਘਟਨਾ ਨਹੀਂ ਦੇਖੀ, ਪਰ ਨਤੀਜਾ ਦੇਖਿਆ ਹੈ। ਉਦਾਹਰਣ ਲਈ, ਉਨ੍ਹਾਂ ਨੇ ਪੌੜੀ ਦੇ ਹੇਠਾਂ ਵਰਕਰ ਨੂੰ ਧਰਤੀ 'ਤੇ ਪਏ ਦੇਖਿਆ ਸੀ। ਇਸ ਤੋਂ, ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਵਰਕਰ ਪੌੜੀ ਤੋਂ ਡਿਗਿਆ ਸੀ।

ਯਾਦ ਰੱਖੋ: ਗਵਾਹਾਂ ਨੂੰ ਤੱਥ ਦੱਸਣ ਦੀ ਲੋੜ ਹੁੰਦੀ ਹੈ। ਕੀ ਹੋਇਆ ਸੀ ਇਸ ਬਾਰੇ ਉਨ੍ਹਾਂ ਦੀ ਰਾਇ ਮਦਦ ਨਹੀਂ ਕਰਦੀ।

ਇਸ ਚੀਜ਼ ਬਾਰੇ ਸੁਝਾਅ ਲੱਭਣ ਲਈ ਕਿ ਸਬੂਤ ਕਿਵੇਂ ਇਕੱਠੇ ਅਤੇ ਤਿਆਰ ਕਰਨੇ ਹਨ, ਸਾਡੇ ਵੈੱਬਸਾਈਟ 'ਤੇ ਜਾਓ:
WCAT.BC.CA > APPEAL A DECISION > PREPARE YOUR CASE > COLLECT EVIDENCE

## ਮਾਹਰ ਦੀ ਗਵਾਹੀ

ਮਾਹਰ ਦੀ ਗਵਾਹੀ ਕਿਸੇ ਖਾਸ ਖੇਤਰ ਵਿਚ ਵਿਸ਼ੇਸ਼ ਸਿੱਖਿਆ, ਟਰੇਨਿੰਗ ਜਾਂ ਤਜਰਬੇ ਵਾਲੇ ਵਿਅਕਤੀ ਦੀ ਰਾਇ ਹੈ। ਉਦਾਹਰਣ ਲਈ, ਕੋਈ ਹੈਲਥ ਕੇਅਰ ਪ੍ਰੋਫੈਸ਼ਨਲ, ਵੋਕੇਸ਼ਨਲ ਰੀਹੈਬਲੀਟੇਸ਼ਨ ਕਨਸਲਟੈਂਟ, ਇੰਜਨੀਅਰ ਜਾਂ ਅਕਾਊਂਟੈਂਟ।

ਮਾਹਰਾਂ ਤੋਂ ਲਿਖਤੀ ਰਿਪੋਰਟਾਂ ਜਾਂ ਡਾਕੂਮੈਂਟਸ ਸਬੂਤ ਵਜੋਂ ਦਰਜ ਕਰਵਾਏ ਜਾ ਸਕਦੇ ਹਨ। ਉਨ੍ਹਾਂ ਨੂੰ ਜ਼ਬਾਨੀ ਸੁਣਵਾਈ ਵਿਚ ਹਾਜ਼ਰ ਹੋਣ ਦੀ ਲੋੜ ਨਹੀਂ ਹੈ।

ਕੁਝ ਤੱਥ ਸਾਬਤ ਕਰਨ ਲਈ ਤੁਹਾਡੀ ਮਾਹਰ ਦੀ ਗਵਾਹੀ ਦੀ ਲੋੜ ਨਹੀਂ ਹੈ। ਉਦਾਹਰਣ ਲਈ ਤੁਸੀਂ:

- ✓ ਆਪਣੀਆਂ ਨਿਸ਼ਾਨੀਆਂ ਬਾਰੇ ਅਤੇ ਇਨ੍ਹਾਂ ਦੇ ਤੁਹਾਡੇ ਉੱਪਰ ਪਏ ਅਸਰ ਬਾਰੇ ਸਬੂਤ ਦੇ ਸਕਦੇ ਹੋ, ਪਰ ਇਨ੍ਹਾਂ ਨਿਸ਼ਾਨੀਆਂ ਦੀ ਪਛਾਣ ਸਿਰਫ ਕੋਈ ਡਾਕਟਰ ਹੀ ਕਰ ਸਕਦਾ ਹੈ
- ✓ ਇਸ ਚੀਜ਼ ਬਾਰੇ ਸਬੂਤ ਦਿਉ ਕਿ ਜੌਬ ਕਿਵੇਂ ਕੀਤੀ ਜਾਂਦੀ ਹੈ ਪਰ ਜੌਬ ਦੇ ਕੰਮਾਂ ਤੋਂ ਹੋਣ ਵਾਲੇ ਸੌਫਟ ਟਿਸ਼ੂ ਦੀ ਸੱਟ ਦੇ ਖਤਰੇ ਬਾਰੇ ਕੋਈ ਐਰਗੋਨੋਮਿਕ ਸਪੈਸ਼ਲਿਸਟ ਜਿਵੇਂ ਕਿ ਕੋਈ ਕਿਨਸੀਓਲੋਜਿਸਟ ਦੱਸੇਗਾ

ਮੈਡੀਕਲ ਸਬੂਤ ਕਿਸੇ ਹੈਲਥ ਕੇਅਰ ਪ੍ਰੋਫੈਸ਼ਨਲ ਤੋਂ ਮਾਹਰ ਗਵਾਹੀ ਦੀ ਇਕ ਕਿਸਮ ਹੈ ਜਿਵੇਂ ਕਿ ਕੋਈ ਡਾਕਟਰ, ਸਾਇਕੋਲੋਜਿਸਟ, ਕਾਇਰੋਪਰੈਕਟਰ, ਫਿਜ਼ੀਓਥੈਰੇਪਿਸਟ, ਕਿਨਸੀਓਲੋਜਿਸਟ, ਆਕੂਪੇਸ਼ਨਲ ਥੈਰੇਪਿਸਟ ਜਾਂ ਡੈਂਟਿਸਟ।

ਕਿਸੇ ਮਾਹਰ ਦੀ ਮੈਡੀਕਲ ਰਿਪੋਰਟ ਵਿਚ ਇਹ ਸ਼ਾਮਲ ਹੋ ਸਕਦੀਆਂ ਹਨ:

- ਕਿਸੇ ਹਾਲਤ ਦੀ ਪਛਾਣ ਅਤੇ ਇਸ ਚੀਜ਼ ਬਾਰੇ ਰਾਇ ਕਿ ਕੰਮ ਦੀ ਕੋਈ ਘਟਨਾ ਜਾਂ ਸਰਗਰਮੀ ਇਸ ਪਛਾਣ ਦਾ ਕਾਰਨ ਬਣੀ ਹੈ
- ਸਰੀਰਕ ਜਾਂ ਮਾਨਸਿਕ ਡਿਸਏਬਿਲਟੀ ਬਾਰੇ ਰਾਇ

ਮੈਡੀਕਲ ਸਬੂਤ ਸਿਰਫ ਮੈਡੀਕਲ ਰਿਪੋਰਟ ਨਹੀਂ ਹਨ। ਇਨ੍ਹਾਂ ਵਿਚ ਸ਼ਾਮਲ ਹੋ ਸਕਦੇ ਹਨ:

- ਇਲਾਜ ਕਰਨ ਵਾਲੇ ਕਿਸੇ ਵਲੋਂ ਚਾਰਟ ਨੋਟਸ, ਜਿਸ ਵਿਚ ਹਸਪਤਾਲ ਦੇ ਰਿਕਾਰਡ ਵੀ ਸ਼ਾਮਲ ਹਨ
- ਇਮੇਜਿੰਗ ਰਿਪੋਰਟਾਂ ਜਿਵੇਂ ਕਿ ਸੀ ਟੀ ਸਕੈਨਜ਼, ਐੱਮ ਆਰ ਆਈਜ਼ ਜਾਂ ਐਕਸਰੇ

## ਕਿਸੇ ਮਾਹਰ ਤੋਂ ਸਬੂਤ ਕਿਵੇਂ ਲੈਣਾ ਹੈ

ਕਦਮ 1: ਮਾਹਰ ਨੂੰ ਮਿਲਣ ਲਈ ਕਹੋ ਜਾਂ ਉਸ ਨੂੰ ਚਿੱਠੀ ਲਿਖੋ। ਇਹ ਦੱਸੋ ਕਿ ਉਸ ਤੋਂ ਮਿਲਣ ਵਾਲੀ ਜਾਣਕਾਰੀ ਜਾਂ ਰਾਇ ਕਿਵੇਂ ਮਦਦ ਕਰ ਸਕਦੀ ਹੈ। ਹਾਲਤ ਬਾਰੇ ਬਿਆਨ ਕਰਨ ਲਈ ਉਸ ਨੂੰ ਜਾਣਕਾਰੀ ਦਿਉ। ਉਦਾਹਰਣ ਲਈ:

- ✓ ਆਪਣੀ ਮੈਡੀਕਲ ਹਾਲਤ ਬਾਰੇ ਖਾਸ ਸਵਾਲ ਜਿਨ੍ਹਾਂ ਦੇ ਜਵਾਬ ਦੇਣ ਦੀ ਲੋੜ ਹੈ
- ✓ ਵਰਕਸੇਫ ਬੀ ਸੀ ਅਤੇ ਰਿਵੀਊ ਡਿਵੀਜ਼ਨ ਦੇ ਉਹ ਫੈਸਲੇ ਜਿਨ੍ਹਾਂ ਵਿਰੁੱਧ ਅਪੀਲ ਕੀਤੀ ਜਾ ਰਹੀ ਹੈ
- ✓ ਅਪੀਲ ਬਾਰੇ ਵਰਕਸੇਫ ਬੀ ਸੀ ਦੀ ਫਾਇਲ ਤੋਂ ਜਾਣਕਾਰੀ ਜਿਹੜੀ ਆਪਣੀ ਰਾਇ ਬਣਾਉਣ ਵਿਚ ਉਸ ਦੀ ਮਦਦ ਕਰ ਸਕਦੀ ਹੈ, ਜਿਵੇਂ ਕਿ ਵਰਕਸੇਫ ਬੀ ਸੀ ਦੀ ਫਾਇਲ ਉੱਪਰਲੇ ਢੁਕਵੇਂ ਮੈਡੀਕਲ ਸਬੂਤ

ਕਦਮ 2: ਇਹ ਦੱਸੋ ਕਿ ਉਸ ਤੋਂ ਮਿਲਣ ਵਾਲੀ ਜਾਣਕਾਰੀ ਜਾਂ ਰਾਇ ਕਿਵੇਂ ਮਦਦ ਕਰ ਸਕਦੀ ਹੈ। ਉਸ ਨੂੰ ਇਹ ਦੱਸਣ ਲਈ ਕਹੋ:

- ✓ ਉਸ ਦੀਆਂ ਯੋਗਤਾਵਾਂ
- ✓ ਉਹ ਤੁਹਾਨੂੰ ਕਿਵੇਂ ਜਾਣਦੇ ਹਨ ਅਤੇ ਉਹ ਕੇਸ ਬਾਰੇ ਕਿੰਨਾ ਜਾਣੂ ਹਨ
- ✓ ਉਹ ਤੱਥ ਜਿਨ੍ਹਾਂ ਉੱਪਰ ਉਸ ਦੀ ਰਾਇ ਆਧਾਰਿਤ ਹੈ
- ✓ ਤੁਹਾਡੀ ਮੈਡੀਕਲ ਹਾਲਤ ਬਾਰੇ ਖਾਸ ਸਵਾਲਾਂ 'ਤੇ ਉਸ ਦੀ ਰਾਇ ਅਤੇ ਉਸ ਦੀ ਰਾਇ ਦੇ ਕਾਰਨ
- ✓ ਜੇ ਉਸ ਦੀ ਰਾਇ ਕਿਸੇ ਹੋਰ ਮਾਹਰ ਦੀ ਗਵਾਹੀ ਤੋਂ ਵੱਖਰੀ ਹੈ ਤਾਂ ਇਹ ਵਰਣਨ ਕਿ ਅਜਿਹਾ ਕਿਉਂ ਹੈ
- ✓ ਕੋਈ ਹੋਰ ਜਾਣਕਾਰੀ ਜਾਂ ਰਾਇ ਜਿਹੜੀ ਮਦਦ ਕਰਨ ਵਾਲੀ ਹੋ ਸਕਦੀ ਹੈ

ਮਦਦ ਲਉ। ਤੁਸੀਂ ਅਪੀਲ ਦੇ ਆਪਣੇ ਪੱਖ ਨੂੰ ਦੱਸਣ ਵਿਚ ਮਦਦ ਲਈ ਕਿਸੇ ਨੂੰ ਮੁਖ਼ਤਾਰ ਬਣਾ ਸਕਦੇ ਹੋ, ਜਾਂ ਕਿਸੇ ਐਡਵਾਈਜ਼ਰ ਤੋਂ ਮੁਫਤ ਮਦਦ ਲੈ ਸਕਦੇ ਹੋ। ਜ਼ਿਆਦਾ ਜਾਣਕਾਰੀ ਲਈ ਦੇਖੋ:
WCAT.BC.CA > ASK FOR HELP WITH THE APPEAL PROCESS